# ਡੈਲਟਾ ਪੁਲੀਸ
# ਨਫ਼ਰਤੀ ਜੁਰਮਾਂ ਬਾਰੇ ਟੂਲ ਕਿੱਟ

ਰਿਪੋਰਟ ਕਰਨ ਦੇ ਹੇਠਾਂ ਦਿੱਤੇ ਤਰੀਕੇ ਧਾਰਮਿਕ ਸਥਾਨਾਂ ਨੂੰ ਮਨ ਵਿਚ ਰੱਖਦੇ ਹੋਏ ਤਿਆਰ ਕੀਤੇ ਗਏ ਹਨ, ਅਤੇ ਸਿੱਟੇ ਵਜੋਂ ਇਹ ਨਿਸ਼ਾਨਾ ਬਣਾ ਕੇ ਕੀਤੀਆਂ ਜਾਣ ਵਾਲੀਆਂ ਉਨ੍ਹਾਂ ਘਟਨਾਵਾਂ 'ਤੇ ਕੇਂਦਰਿਤ ਹਨ ਜਿਹੜੀਆਂ ਕਿਸੇ ਧਾਰਮਿਕ ਸਥਾਨ ਜਾਂ ਉਸ ਥਾਂ ਉਪਰਲੇ ਲੋਕਾਂ ਦੇ ਵਿਸਵਾਸ਼ਾਂ ਦੇ ਵਿਰੋਧ ਕਰਕੇ ਕੀਤੀਆਂ ਜਾਂਦੀਆਂ ਹਨ।

## ਜੇ ਤੁਸੀਂ ਕੋਈ ਜੁਰਮ ਹੁੰਦਾ ਦੇਖਦੇ ਹੋ, ਜਾਂ ਤੁਹਾਨੂੰ ਸ਼ੱਕ ਪੈਂਦੀ ਹੈ (ਐਮਰਜੰਸੀ):

1) **9-1-1** ਨੂੰ ਫੋਨ ਕਰੋ
2) ਆਪਣਾ ਨਾਂ, ਨੰਬਰ, ਥਾਂ, ਅਤੇ ਘਟਨਾ ਦਾ ਉੱਚ ਪੱਧਰ ਦਾ ਵੇਰਵਾ ਦਿਉ
3) ਜੇ ਕੋਈ ਸਵਾਲ ਪੁੱਛੇ ਜਾਣ ਤਾਂ ਬਚ ਕੇ ਅਤੇ ਆਪਣੀ ਪੂਰੀ ਸਮਰਥਾ ਮੁਤਾਬਕ ਉਨ੍ਹਾਂ ਦੇ ਜਵਾਬ ਦਿਉ

## ਜੇ ਤੁਹਾਨੂੰ ਸ਼ੱਕ ਪੈਂਦੀ ਹੈ ਕਿ ਕੋਈ ਜੁਰਮ ਹੋਇਆ ਹੈ (ਗੈਰ-ਐਮਰਜੰਸੀ):

1) **ਡੈਲਟਾ ਪੁਲੀਸ ਦੀ ਨੌਨ-ਐਮਰਜੰਸੀ ਲਾਈਨ** ਨੂੰ **604-946-4411** 'ਤੇ ਫੋਨ ਕਰੋ
2) ਆਪਣੇ ਨਾਲ ਸੰਪਰਕ ਕੀਤੇ ਜਾਣ ਦੀ ਜਾਣਕਾਰੀ ਅਤੇ ਘਟਨਾ ਦਾ ਵਿਸਥਾਰ ਵਿਚ ਵੇਰਵਾ ਦਿਉ
3) ਘਟਨਾ ਵਾਲੀ ਥਾਂ ਤੋਂ ਪਰ੍ਹਾਂ ਰਹੋ ਅਤੇ ਹੋਰਨਾਂ ਨੂੰ ਉਸ ਥਾਂ ਨੂੰ ਗੰਦੀ ਕਰਨ ਤੋਂ ਰੋਕਥਾਮ ਕਰੋ
4) ਘਟਨਾ ਵਾਲੀ ਥਾਂ 'ਤੇ ਪਹੁੰਚਣ ਵਾਲੇ ਮੈਂਬਰਾਂ ਨੂੰ ਫੋਟੋਆਂ ਲੈਣ ਦਿਉ ਅਤੇ ਸਬੂਤ ਲੱਭਣ ਦਿਉ
5) ਆਪਣੀ ਜਾਣਕਾਰੀ, ਪੜਤਾਲ ਕਰਨ ਲਈ ਘਟਨਾ ਸਥਾਨ 'ਤੇ ਪਹੁੰਚੇ ਮੈਂਬਰਾਂ ਨੂੰ ਦੱਸੋ
6) ਪੈਰਵੀ ਲਈ ਅਤੇ ਰਿਕਾਰਡਿੰਗ ਦੇ ਮੰਤਵਾਂ ਲਈ ਫਾਇਲ ਨੰਬਰ ਮੰਗੋ

ਕੈਨੇਡਾ ਦੇ ਕ੍ਰਿਮੀਨਲ ਕੋਡ ਹੇਠ, ਨਫ਼ਰਤੀ ਜੁਰਮ ਕੋਈ ਵੀ ਉਹ ਮੁਜਰਮਾਨਾ ਜੁਰਮ ਹੈ ਜਿਹੜਾ ਕਿਸੇ ਵਿਅਕਤੀ, ਗਰੁੱਪ, ਜਾਂ ਪ੍ਰਾਪਰਟੀ ਦੇ ਖਿਲਾਫ ਨਫ਼ਰਤ ਤੋਂ ਜਾਂ ਕਿਸੇ ਪਛਾਣਯੋਗ ਗਰੁੱਪ ਪ੍ਰਤੀ ਪੱਖਪਾਤ ਤੋਂ ਪ੍ਰੇਰਤ ਹੁੰਦਾ ਹੈ। ਇਨ੍ਹਾਂ ਪਛਾਣਯੋਗ ਗਰੁੱਪਾਂ ਵਿਚ ਇਹ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ: ਧਰਮ; ਨਸਲ, ਰੰਗ, ਪਿਛੋਕੜ ਅਤੇ ਬੋਲੀ; ਸੈਕਸ ਜਾਂ ਕਾਮੁਕ ਰੁਚੀ; ਉਮਰ; ਅਤੇ ਡਿਸਏਬਿਲਟੀ।

ਕਿਸੇ ਨਫ਼ਰਤੀ ਜੁਰਮ ਦੀ ਰਿਪੋਰਟ ਕਰਨ ਵੇਲੇ ਗੁਮਨਾਮ ਰਹਿਣ ਲਈ ਕਰਾਇਮ ਸਟੌਪਰਜ਼ ਨੂੰ **1-800-222-TIPS** 'ਤੇ ਫੋਨ ਕਰੋ।

Delta POLICE

**ਈਮੇਲ:** EDIU@deltapolice.ca
**ਇਨਸਟਾਗ੍ਰਾਮ:** @deltapd / @dpdediu
**ਫੇਸਬੁੱਕ:** @deltapolicedept
**ਟਵਿੱਟਰ:** @deltapolice
**ਵੈੱਬਸਾਈਟ:** deltapolice.ca

[Punjabi]